# झूलन झंडे लाल

ਸੰਗਤਾਂ ਪਾਉਣ ਧਮਾਲ, ਦਵਾਰੇ ਜੋਗੀ ਦੇ ॥
ਝੂਲਣ ਝੰਡੇ ਲਾਲ, ਦਵਾਰੇ ਜੋਗੀ ਦੇ*, ਜੋਗੀ ਦੇ,,,
ਸੰਗਤਾਂ ਪਾਉਣ ਧਮਾਲ,,,,,,,,,,,,,,,,,,,

^ਚੇਤ ਮਹੀਨਾ ਚੜ੍ਹਿਆ, ਖੁਸ਼ੀਆਂ ਛਾ ਗਈਆਂ,
"ਦੂਰੋਂ ਦੂਰੋਂ ਸੰਗਤਾਂ, ਦਰ ਤੇ ਆ ਗਈਆਂ" ॥
ਹੁੰਦੀ ਪਈ ਧਮਾਲ, ਦਵਾਰੇ ਜੋਗੀ ਦੇ ॥
ਸੰਗਤਾਂ ਪਾਉਣ ਧਮਾਲ,,,,,,,,,,,,,,,,,,,F

^ਵਿੱਚ ਤਲਾਈਆਂ ਲੱਗਿਆ, ਮੇਲਾ ਭਾਰਾ ਏ,
"ਸਵਰਗਾਂ ਨਾਲੋਂ ਵੱਧ ਕੇ, ਖ਼ੂਬ ਨਜ਼ਾਰਾ ਏ" ॥
ਦਿੱਸਦੀ ਧਰਤੀ ਲਾਲ, ਦਵਾਰੇ ਜੋਗੀ ਦੇ ॥
ਸੰਗਤਾਂ ਪਾਉਣ ਧਮਾਲ,,,,,,,,,,,,,,,,,,,F

^ਬਾਬਾ ਜੀ ਦੇ ਲਾਉਣ, ਜੈਕਾਰੇ ਸੰਗਤਾਂ ਬਈ,
"ਢੋਲਕ ਛੈਣੇ ਨਾਲ, ਲਿਆਉਂਦੇ ਭਗਤਾਂ ਬਈ" ॥
ਗਾਉਂਦੇ ਬੰਨ੍ਹ ਕੇ ਤਾਲ, ਦਵਾਰੇ ਜੋਗੀ ਦੇ ॥
ਸੰਗਤਾਂ ਪਾਉਣ ਧਮਾਲ,,,,,,,,,,,,,,,,,,,F

^ਅਸਲਮ ਵੀ ਜੋਗੀ ਦੀਆਂ, ਭੇਟਾਂ ਗਾਉਂਦਾ ਏ,
"ਨਾਲ ਸੰਗਤ ਦੇ ਨੱਚਦਾ, ਹੋਰ ਨਚਾਉਂਦਾ ਏ" ॥
ਕਰਦਾ ਜਾਏ ਕਮਾਲ, ਦਵਾਰੇ ਜੋਗੀ ਦੇ ॥
ਸੰਗਤਾਂ ਪਾਉਣ ਧਮਾਲ,,,,,,,,,,,,,,,,,,,F

ਅਪਲੋਡਰ- ਅਨਿਲਰਾਮੂਰਤੀਭੋਪਾਲ

https://bhajanganga.com/bhajan/lyrics/id/27165/title/jhoolan-jhande-laal

अपने Android मोबाइल पर BhajanGanga App डाउनलोड करें और भजनों का आनंद ले |